# ਅਧਿਆਇ 29

# ਭੇਟਾਂ ਸੰਬੰਧੀ ਬਿਧੀਆਂ (ਭਾਗ 2)

ਅਧਿਆਇ 29 ਭੇਟਾਂ ਸੰਬੰਧੀ ਕਾਨੂੰਨ ਨੂੰ ਪੂਰਾ ਕਰਦਾ ਹੈ ਜੋ ਅਧਿਆਇ 28 ਵਿਚ ਸ਼ੁਰੂ ਹੋਇਆ ਸੀ। ਸਾਲਾਨਾ ਪਰਬਾਂ ਤੇ ਭੇਟਾਂ ਸੰਬੰਧੀ ਬਿਧੀਆਂ ਪਹਿਲੇ ਮਹੀਨੇ ਵਿਚ ਪਸਾਹ ਦੇ ਪਰਬ ਅਤੇ ਪਤੀਰੀ ਰੋਟੀ ਦੇ ਲਈ ਹਦਾਇਤਾਂ ਨਾਲ ਸ਼ੁਰੂ ਹੋਈਆਂ ਸਨ (28:16-25) ਅਤੇ ਸੱਤ ਹਫ਼ਤਿਆਂ ਬਾਅਦ, ਅਠਵਾਰਿਆਂ ਦੇ ਪਰਬ ਸੰਬੰਧੀ ਬਿਧੀਆਂ ਨਾਲ ਜਾਰੀ ਰਹੀਆਂ ਸਨ (28:26-31)। ਇਹ ਅਧਿਆਇ ਉਨ੍ਹਾਂ ਪਰਬਾਂ ਤੇ ਜੋ ਵਰਹੇ ਦੇ ਸੱਤਵੇਂ ਮਹੀਨੇ ਦੇ ਦੌਰਾਨ ਆਉਂਦਾ ਸੀ: ਪਹਿਲੇ ਦਿਨ, ਤੁਰ੍ਹੀਆਂ ਦੇ ਪਰਬ ਲਈ (29:1-6); ਦਸਵੇਂ ਦਿਨ, ਪਰਾਸਚਿਤ ਦੇ ਦਿਨ ਲਈ (29:7-11) ਅਤੇ ਮਹੀਨੇ ਦੇ ਪੰਦਰਵੇਂ ਦਿਨ ਤੋਂ, ਅੱਠ ਦਿਨਾਂ ਦੇ ਲਈ, ਡੇਰਿਆਂ ਦੇ ਪਰਬ ਦੇ ਲਈ (29:12-38) ਚੜ੍ਹਾਈਆਂ ਜਾਣ ਵਾਲੀਆਂ ਭੇਟਾਂ ਸੰਬੰਧੀ ਵਿਸਤ੍ਰਿਤ ਬਿਧੀਆਂ ਦੇਣ ਦੁਆਰਾ ਇਸ ਲੜੀ ਨੂੰ ਪੂਰਾ ਕਰਦਾ ਹੈ। ਇਨ੍ਹਾਂ ਭੇਟਾਂ ਦੇ ਲਈ ਸ਼ਰਤਾਂ ਨੂੰ ਖਤਮ ਕਰਨ ਤੋਂ ਬਾਅਦ, ਅਧਿਆਇ ਉਨ੍ਹਾਂ ਭੇਟਾਂ ਦਾ ਜ਼ਿਕਰ ਕਰਦਾ ਹੈ ਜੋ ਇਸਰਾਏਲੀਆਂ ਨੇ ਵਿਅਕਤੀਗਤ ਤੌਰ ਤੇ ਹੋਰ ਮੌਕਿਆਂ ਤੇ ਚੜ੍ਹਾਈਆਂ ਸਨ (29:39, 40)।

## ਸਾਲਾਨਾ ਭੇਟਾਂ (ਜਾਰੀ) (29:1-38)

### ਤੁਰ੍ਹੀਆਂ ਦਾ ਪਰਬ (29:1-6)

**1ਸੱਤਵੇਂ ਮਹੀਨੇ ਦੇ ਪਹਿਲੇ ਦਿਨ ਤੁਹਾਡੀ ਪਵਿੱਤ੍ਰ ਸਭਾ ਹੋਵੇ। ਤੁਸੀਂ ਕੋਈ ਕੰਮ ਧੰਦਾ
ਨਾ ਕਰੋ ਪਰ ਉਹ ਤੁਹਾਡੇ ਲਈ ਤੁਰ੍ਹੀਆਂ ਵਜਾਉਣ ਦਾ ਦਿਨ ਹੋਵੇ। 2ਅਤੇ ਤੁਸੀਂ ਯਹੋਵਾਹ
ਲਈ ਸੁਗੰਧਤਾ ਦੀ ਹੋਮ ਬਲੀ ਚੜ੍ਹਾਓ ਅਰਥਾਤ ਇੱਕ ਵਹਿੜਾ, ਇੱਕ ਛੱਤ੍ਰਾ ਅਰ ਬੱਜ ਤੋਂ
ਰਹਿਤ ਸੱਤ ਇੱਕ ਸਾਲੇ ਲੇਲੇ। 3ਅਤੇ ਉਸ ਦੇ ਮੈਦੇ ਦੀ ਭੇਟ ਤੇਲ ਵਿੱਚ ਮਿਲਿਆ ਹੋਇਆ
ਮੈਦਾ ਹੋਵੇ, ਵਹਿੜੇ ਲਈ ਤਿੰਨ ਦਸਵੰਧ, ਛੱਤ੍ਰੇ ਲਈ ਦੋ ਦਸਵੰਧ। 4ਅਤੇ ਸੱਤਾਂ ਲੇਲਿਆਂ ਵਿੱਚੋਂ
ਹਰ ਲੇਲੇ ਲਈ ਇੱਕ ਦਸਵੰਧ। 5ਨਾਲੇ ਤੁਹਾਡੇ ਪਰਾਸਚਿਤ ਲਈ ਇੱਕ ਬੱਕਰਾ ਪਾਪ ਦੀ
ਬਲੀ ਲਈ ਚੜ੍ਹਾਇਆ ਜਾਵੇ। 6ਅਤੇ ਏਹ ਇਨ੍ਹਾਂ ਦੇ ਬਿਨਾ ਹੋਣ ਅਰਥਾਤ ਨਵੇਂ ਚੰਦਰਮਾਂ ਦੀ
ਹੋਮ ਬਲੀ ਉਸ ਦੇ ਮੈਦੇ ਦੀ ਭੇਟ ਸਣੇ ਅਤੇ ਅਖੰਡ ਹੋਮ ਬਲੀ ਉਸ ਦੇ ਮੈਦੇ ਦੀ ਭੇਟ ਸਣੇ
ਅਤੇ ਉਨ੍ਹਾਂ ਦੇ ਪੀਣ ਦੀਆਂ ਭੇਟਾਂ ਸਣੇ ਉਨ੍ਹਾਂ ਦੀ ਰੀਤ ਅਨੁਸਾਰ, ਏਹ ਯਹੋਵਾਹ ਲਈ
ਸੁਗੰਧਤਾ ਦੀ ਅੱਗ ਦੀ ਭੇਟ ਹੋਵੇ।**

**ਆਇਤ 1. ਸੱਤਵੇਂ ਮਹੀਨੇ ਦੇ ਪਹਿਲੇ ਦਿਨ**, ਇਸਰਾਏਲੀਆਂ ਨੇ **ਪਵਿੱਤ੍ਰ ਸਭਾ** ਕਰਕੇ ਅਤੇ **ਕੋਈ ਕੰਮ ਧੰਦਾ ਨਾ ਕਰਕੇ ਤੁਰ੍ਹੀਆਂ** ਦਾ ਪਰਬ ਮਨਾਉਣਾ ਸੀ। ਸੱਤਵਾਂ ਮਹੀਨਾ, ਜਿਸ

ਨੂੰ ਬਾਬਲ ਦੇ ਲੋਕਾਂ ਦੁਆਰਾ ਟਿਸ਼ਰੀ ਨਾਮ ਦੇ ਨਾਲ ਜਾਣਿਆ ਜਾਂਦਾ ਸੀ, ਸਤੰਬਰ/ਅਕਤੂਬਰ ਮਹੀਨੇ ਦੇ ਬਰਾਬਰ ਹੋਣਾ ਸੀ। ਪਰਬ ਦਾ ਇਹ ਦਿਨ **ਤੁਰ੍ਹੀਆਂ ਵਜਾਉਣ** ਦੁਆਰਾ ਮਨਾਇਆ ਜਾਣਾ ਸੀ। ਤੁਰ੍ਹੀਆਂ ਠਹਿਰਾਏ ਹੋਏ ਸਾਰੇ ਪਰਬਾਂ ਅਤੇ ਅਨੰਦ ਦੇ ਦਿਨ ਵਜਾਈਆਂ ਜਾਣੀਆਂ ਸਨ (10:10)। ਫਿਰ ਵੀ, ਇਸ ਦਿਨ, ਤੁਰ੍ਹੀਆਂ ਦੇ ਵਜਾਉਣ ਤੇ ਵਿਸ਼ੇਸ਼ ਤੌਰ ਤੇ ਜ਼ੋਰ ਦਿੱਤਾ ਗਿਆ ਸੀ (ਲੇਵੀਆਂ 23:23-25)।

**ਆਇਤ 2.** ਇਸ ਦਿਨ ਨੂੰ ਮਨਾਉਣ ਵਿਚ **ਯਹੋਵਾਹ ਲਈ ਸੁਗੰਧਤਾ ਦੀ ਹੋਮ ਬਲੀ ਚੜ੍ਹਾਉਣਾ** ਸ਼ਾਮਲ ਸੀ। ਇਸ ਸਮੇਂ ਜਿਨ੍ਹਾਂ ਪਸ਼ੂਆਂ ਦੀ ਲੋੜ ਸੀ ਉਹ ਸਨ **ਇੱਕ ਵਹਿੜਾ**, **ਇੱਕ ਛੱਤ੍ਰਾ ਅਰ ਬੱਜ ਤੋਂ ਰਹਿਤ ਸੱਤ ਲੇਲੇ**। ਲੇਲੇ **ਇੱਕ ਸਾਲੇ** ਅਤੇ **ਬੱਜ ਤੋਂ ਰਹਿਤ** ਹੋਣੇ ਚਾਹੀਦੇ ਸਨ।

**ਆਇਤਾਂ 3, 4.** ਇਨ੍ਹਾਂ ਪਸ਼ੂਆਂ ਨੂੰ ਉਚਿਤ **ਮੈਦੇ ਦੀ ਭੇਟ** [ਭੇਟਾਂ] ਨਾਲ ਬਲੀ ਚੜ੍ਹਾਇਆ ਜਾਣਾ ਸੀ। **ਵਹਿੜੇ**, **ਛੱਤ੍ਰੇ** ਅਤੇ **ਸੱਤਾਂ ਲੇਲਿਆਂ** ਦੇ ਲਈ ਤੇਲ ਵਿੱਚ ਮਿਲਿਆ ਹੋਇਆ ਮੈਦਾ ਦੱਸਿਆ ਗਿਆ ਸੀ।

**ਆਇਤਾਂ 5, 6.** ਇਸ ਦਿਨ ਹੋਮ ਬਲੀਆਂ ਜੋ ਚੜ੍ਹਾਉਣ ਦੀ ਲੋੜ ਸੀ ਉਸ ਵਿਚ **ਪਰਾਸਚਿਤ ਲਈ ਇੱਕ ਬੱਕਰਾ ਪਾਪ ਦੀ ਬਲੀ** ਲਈ ਚੜ੍ਹਾਉਣਾ ਸ਼ਾਮਲ ਸੀ। ਇਹ **ਅੱਗ ਦੀ ਭੇਟ** ਉਸ **ਨਵੇਂ ਚੰਦਰਮਾ ਦੀ ਹੋਮ ਬਲੀ** ਅਤੇ ਰੋਜ਼ਾਨਾ ਦੀਆਂ ਅਤੇ ਮਹੀਨਵਾਰ ਦੀਆਂ ਭੇਟਾਂ ਤੋਂ ਇਲਾਵਾ ਚੜ੍ਹਾਈ ਜਾਣੀ ਸੀ ਜੋ ਪਹਿਲਾਂ ਨਿਰਧਾਰਿਤ ਕੀਤੀਆਂ ਗਈਆਂ ਸਨ।

ਤੁਰ੍ਹੀਆਂ ਦਾ ਪਰਬ, ਜਿਵੇਂ ਕਿ ਇਹ ਸਮਾਜਕ ਕਲੰਡਰ ਦੇ ਪਹਿਲੇ ਦਿਨ ਆਉਂਦਾ ਸੀ, ਇਸ ਨੂੰ ਰੋਸ਼ ਹਾਸ਼ਾਨਾਹ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਯਹੂਦੀਆ ਦੇ ਨਵੇਂ ਸਾਲ ਦਾ ਪਹਿਲਾ ਦਿਨ। "ਰੋਸ਼ ਹਾਸ਼ਾਨਾਹ" ਦਾ ਅਰਥ ਹੈ "ਸਾਲ ਦਾ ਮੁਖੀ (ਜਾਂ ਪਹਿਲਾ)।"

**ਪਰਾਸਚਿਤ ਦਾ ਦਿਨ (29:7-11)**

**[7]ਏਸ ਸੱਤਵੇਂ ਮਹੀਨੇ ਦੇ ਦਸਵੇਂ ਦਿਨ ਤੁਹਾਡੀ ਪਵਿੱਤ੍ਰ ਸਭਾ ਹੋਵੇ ਜਿਹ ਦੇ ਵਿੱਚ ਤੁਸੀਂ ਆਪਣੀਆਂ ਜਾਨਾਂ ਨੂੰ ਦੁਖ ਦਿਓ ਪਰ ਕੋਈ ਕੰਮ ਧੰਦਾ ਨਾ ਕਰੋ। [8]ਤੁਸੀਂ ਯਹੋਵਾਹ ਲਈ ਸੁਗੰਧਤਾ ਦੀ ਹੋਮ ਬਲੀ ਚੜ੍ਹਾਓ ਅਰਥਾਤ ਇੱਕ ਵਹਿੜਾ, ਇੱਕ ਛੱਤ੍ਰਾ, ਸੱਤ ਇੱਕ ਸਾਲੇ ਲੇਲੇ। ਏਹ ਤੁਹਾਡੇ ਚੜ੍ਹਾਵੇ ਬੱਜ ਤੋਂ ਰਹਿਣ ਹੋਣ। [9]ਅਤੇ ਉਨ੍ਹਾਂ ਦੇ ਮੈਦੇ ਦੀ ਭੇਟ ਤੇਲ ਵਿੱਚ ਮਿਲਿਆ ਹੋਇਆ ਮੈਦਾ ਹੋਵੇ। ਵਹਿੜੇ ਲਈ ਤਿੰਨ ਦਸਵੰਧ, ਛੱਤ੍ਰੇ ਲਈ ਦੋ ਦਸਵੰਧ। [10]ਅਤੇ ਉਨ੍ਹਾਂ ਸੱਤਾਂ ਲੇਲਿਆਂ ਵਿੱਚੋਂ ਹਰ ਇੱਕ ਲੇਲੇ ਲਈ ਇੱਕ ਦਸਵੰਧ ਹੋਵੇ। [11]ਅਤੇ ਪਰਾਸਚਿਤ ਲਈ ਪਾਪ ਦੀ ਬਲੀ ਅਤੇ ਅਖੰਡ ਹੋਮ ਦੀ ਬਲੀ ਅਤੇ ਉਸ ਦੇ ਮੈਦੇ ਦੀ ਅਰ ਉਨ੍ਹਾਂ ਦੇ ਪੀਣ ਦੀਆਂ ਭੇਟਾਂ ਤੋਂ ਛੁੱਟ ਇੱਕ ਬੱਕਰਾ ਪਾਪ ਦੀ ਬਲੀ ਲਈ ਚੜ੍ਹਾਇਆ ਜਾਵੇ।**

**ਆਇਤ 7. ਸੱਤਵੇਂ ਮਹੀਨੇ ਦੇ ਦਸਵੇਂ ਦਿਨ**, ਇਸਰਾਏਲੀ ਪਰਾਸਚਿਤ ਦਾ ਦਿਨ ਮਨਾਉਂਦੇ ਸਨ, ਜਿਸ ਨੂੰ ਯੋਮ ਕਿਪੁੱਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਜਿਸ ਦਾ ਅਰਥ ਹੈ "ਢੱਕਣ ਦਾ ਦਿਨ।" "ਪਰਾਸਚਿਤ" ਵਿਚ "ਪਾਪਾਂ ਨੂੰ ਢੱਕਣਾ" ਸ਼ਾਮਲ ਹੁੰਦਾ ਹੈ। ਇਸ ਦਿਨ ਪਰਧਾਨ ਜਾਜਕ ਦੀ ਭੇਟ ਕੌਮ ਦੇ ਲਈ ਪਰਾਸਚਿਤ ਹੁੰਦੀ ਸੀ। ਪਰਾਸਚਿਤ ਦੇ ਦਿਨ ਸੰਬੰਧੀ ਵਿਸਤ੍ਰਿਤ ਹਦਾਇਤਾਂ ਲੇਵੀਆਂ 16 ਅਧਿਆਇ ਵਿਚ ਮਿਲਦੀਆਂ ਹਨ। ਇਸ ਮੌਕੇ ਨੂੰ ਧਿਆਨ ਵਿਚ ਰੱਖਦੇ ਹੋਏ, ਲੋਕਾਂ ਨੇ **ਇੱਕ ਪਵਿੱਤ੍ਰ ਸਭਾ** ਕਰਨੀ ਸੀ। ਉਨ੍ਹਾਂ ਨੇ ਆਪਣੀਆਂ **ਜਾਨਾਂ ਨੂੰ ਦੁਖ ਦੇਣਾ** ਸੀ ਅਤੇ **ਕੋਈ ਕੰਮ ਧੰਦਾ ਨਹੀਂ** ਸੀ ਕਰਨਾ (ਲੇਵੀਆਂ 23:26-32)। ਕੁਝ ਲਿਖਤਾਂ ਵਿਚ, "ਜਾਨਾਂ ਨੂੰ ਦੁਖ ਦੇਣਾ" "ਵਰਤ ਰੱਖਣ" ਦੇ ਬਰਾਬਰ ਹੈ (ਜ਼ਬੂਰ 35:13; ਯਸਾਯਾਹ 58:3,

5)। ਜੇਕਰ ਇੱਥੇ ਉਹ ਅਰਥ ਹੈ, ਸਿਰਫ ਪਰਾਸਚਿਤ ਦਾ ਦਿਨ ਹੀ ਉਹ ਦਿਨ ਸੀ ਜਦੋਂ ਇਸਰਾਏਲੀਆਂ ਨੂੰ ਵਰਤ ਰੱਖਣ ਦੀ ਲੋੜ ਸੀ।

**ਆਇਤਾਂ 8-11.** ਕੌਮ ਨੇ ਇਕ **ਹੋਮ ਬਲੀ** ਵੀ ਚੜ੍ਹਾਉਣੀ ਸੀ ਜਿਸ ਵਿਚ **ਇੱਕ ਵਹਿੜਾ**, **ਇੱਕ ਛੱਤ੍ਰਾ** ਅਤੇ **ਸੱਤ ਲੇਲੇ**, ਉਚਿਤ **ਮੈਦੇ ਦੀ ਭੇਟ** [ਭੇਟਾਂ] ਨਾਲ ਸ਼ਾਮਲ ਸਨ, ਨਾਲੇ **ਪਾਪ ਦੀ ਬਲੀ** ਵੀ ਜਿਸ ਵਿਚ **ਇੱਕ ਲੇਲਾ** ਸ਼ਾਮਲ ਸੀ।

ਇਹ ਭੇਟਾਂ ਰੋਜ਼ਾਨਾ ਦੀਆਂ ਭੇਟਾਂ ਤੋਂ ਇਲਾਵਾ ਦਿੱਤੀਆਂ ਜਾਣੀਆਂ ਸਨ ਅਤੇ **ਪਰਾਸਚਿਤ ਦੀ ... ਪਾਪ ਦੀ ਬਲੀ** ਤੋਂ ਇਲਾਵਾ ਜੋ ਪਰਧਾਨ ਜਾਜਕ ਦੁਆਰਾ ਚੜ੍ਹਾਈ ਜਾਂਦੀ ਸੀ (ਲੇਵੀਆਂ 16)।

**ਡੇਰਿਆਂ ਦਾ ਪਰਬ (29:12-38)**

**[12]ਸੱਤਵੇਂ ਮਹੀਨੇ ਦੇ ਪੰਦਰਵੇਂ ਦਿਨ ਤੁਹਾਡੀ ਪਵਿੱਤ੍ਰ ਸਭਾ ਹੋਵੇ ਜਿਸ ਦੇ ਵਿੱਚ ਤੁਸੀਂ ਕੋਈ ਕੰਮ ਧੰਦਾ ਨਾ ਕਰੋ ਪਰ ਯਹੋਵਾਹ ਲਈ ਸੱਤਾਂ ਦਿਨਾਂ ਦਾ ਪਰਬ ਮਨਾਓ। [13]ਅਤੇ ਤੁਸੀਂ ਸੁਗੰਧਤਾ ਦੀ ਅੱਗ ਦੀ ਹੋਮ ਬਲੀ ਯਹੋਵਾਹ ਲਈ ਚੜ੍ਹਾਓ ਅਰਥਾਤ ਤੇਰਾਂ ਵਹਿੜੇ, ਦੋ ਛੱਤ੍ਰੇ, ਚੌਦਾਂ ਇੱਕ ਸਾਲੇ ਲੇਲੇ ਜਿਹੜੇ ਬੱਜ ਤੋਂ ਰਹਿਣ ਹੋਣ। [14]ਅਤੇ ਉਨ੍ਹਾਂ ਦੇ ਮੈਦੇ ਦੀ ਭੇਟ ਤੇਲ ਨਾਲ ਮਿਲੇ ਹੋਏ ਮੈਦੇ ਦੀ ਹੋਵੇ ਅਤੇ ਉਨ੍ਹਾਂ ਤੇਰਾਂ ਵਹਿੜਿਆਂ ਵਿੱਚੋਂ, ਹਰ ਵਹਿੜੇ ਲਈ ਤਿੰਨ ਦਸਵੰਧ ਅਤੇ ਉਨ੍ਹਾਂ ਦੋਹਾਂ ਛੱਤ੍ਰਿਆਂ ਵਿੱਚੋਂ ਹਰ ਛੱਤ੍ਰੇ ਲਈ ਦੋ ਦਸਵੰਧ। [15]ਅਤੇ ਉਨ੍ਹਾਂ ਚੌਦਾਂ ਲੇਲਿਆਂ ਵਿੱਚੋਂ ਹਰ ਲੇਲੇ ਲਈ ਇੱਕ ਦਸਵੰਧ। [16]ਅਤੇ ਅਖੰਡ ਹੋਮ ਬਲੀ ਅਰ ਉਸ ਦੇ ਮੈਦੇ ਅਰ ਪੀਣ ਦੀਆਂ ਭੇਟਾਂ ਤੋਂ ਛੁੱਟ ਇੱਕ ਬੱਕਰਾਂ ਪਾਪ ਦੀ ਬਲੀ ਲਈ ਚੜ੍ਹਾਇਆ ਜਾਵੇ।**

**[17]ਦੂਜੇ ਦਿਨ ਬਾਰਾਂ ਵਹਿੜੇ, ਦੋ ਛੱਤ੍ਰੇ ਅਤੇ ਚੌਦਾਂ ਇੱਕ ਸਾਲੇ ਲੇਲੇ ਬੱਜ ਤੋਂ ਰਹਿਣ ਚੜ੍ਹਾਓ। [18]ਅਤੇ ਵਹਿੜਿਆਂ, ਛੱਤ੍ਰਿਆਂ ਅਰ ਲੇਲਿਆਂ ਦੇ ਲਈ ਉਨ੍ਹਾਂ ਦੇ ਮੈਦੇ ਦੀ ਅਰ ਪੀਣ ਦੀਆਂ ਭੇਟਾਂ ਉਨ੍ਹਾਂ ਦੀ ਗਿਣਤੀ ਅਤੇ ਰੀਤੀ ਅਨੁਸਾਰ ਹੋਣ। [19]ਅਤੇ ਅਖੰਡ ਹੋਮ ਬਲੀ ਅਰ ਉਸ ਦੇ ਮੈਦੇ ਅਰ ਉਨ੍ਹਾਂ ਦੇ ਪੀਣ ਦੀਆਂ ਭੇਟਾਂ ਤੋਂ ਛੁੱਟ ਇੱਕ ਬੱਕਰਾ ਪਾਪ ਦੀ ਬਲੀ ਲਈ ਚੜ੍ਹਾਇਆ ਜਾਵੇ।**

**[20]ਤੀਜੇ ਦਿਨ ਗਿਆਰਾਂ ਵਹਿੜੇ, ਦੋ ਛੱਤ੍ਰੇ ਅਤੇ ਚੌਦਾਂ ਇੱਕ ਸਾਲੇ ਲੇਲੇ ਬੱਜ ਤੋਂ ਰਹਿਣ ਚੜ੍ਹਾਓ। [21]ਅਤੇ ਵਹਿੜਿਆਂ, ਛੱਤ੍ਰਿਆਂ ਅਰ ਲੇਲਿਆਂ ਲਈ ਉਨ੍ਹਾਂ ਦੇ ਮੈਦੇ ਦੀ ਅਰ ਪੀਣ ਦੀਆਂ ਭੇਟਾਂ ਉਨ੍ਹਾਂ ਦੀ ਗਿਣਤੀ ਅਤੇ ਰੀਤੀ ਅਨੁਸਾਰ ਹੋਣ। [22]ਅਤੇ ਅਖੰਡ ਹੋਮ ਬਲੀ ਅਤੇ ਉਸ ਦੇ ਮੈਦੇ ਅਰ ਪੀਣ ਦੀਆਂ ਭੇਟਾਂ ਤੋਂ ਛੁੱਟ ਇੱਕ ਬੱਕਰਾਂ ਪਾਪ ਦੀ ਬਲੀ ਲਈ ਚੜ੍ਹਾਇਆ ਜਾਵੇ।**

**[23]ਚੌਥੇ ਦਿਨ ਦਸ ਵਹਿੜੇ, ਦੋ ਛੱਤ੍ਰੇ ਅਤੇ ਚੌਦਾਂ ਇੱਕ ਸਾਲੇ ਲੇਲੇ ਬੱਜ ਤੋਂ ਰਹਿਤ ਚੜ੍ਹਾਓ। [24]ਅਤੇ ਵਹਿੜਿਆਂ, ਛੱਤ੍ਰਿਆਂ ਅਰ ਲੇਲਿਆਂ ਲਈ ਉਨ੍ਹਾਂ ਦੇ ਮੈਦੇ ਦੀ ਅਰ ਪੀਣ ਦੀਆਂ ਭੇਟਾਂ ਉਨ੍ਹਾਂ ਦੀ ਗਿਣਤੀ ਅਤੇ ਰੀਤੀ ਅਨੁਸਾਰ ਹੋਣ। [25]ਅਤੇ ਅਖੰਡ ਹੋਮ ਬਲੀ ਅਤੇ ਉਸ ਦੇ ਮੈਦੇ ਅਰ ਪੀਣ ਦੀਆਂ ਭੇਟਾਂ ਤੋਂ ਛੁੱਟ ਇੱਕ ਬੱਕਰਾ ਪਾਪ ਦੀ ਬਲੀ ਲਈ ਚੜ੍ਹਾਇਆ ਜਾਵੇ।**

**[26]ਪੰਜਵੇਂ ਦਿਨ ਨੌਂ ਵਹਿੜੇ, ਦੋ ਛੱਤ੍ਰੇ, ਚੌਦਾਂ ਇੱਕ ਸਾਲੇ ਲੇਲੇ ਬੱਜ ਤੋਂ ਰਹਿਤ ਚੜ੍ਹਾਓ। [27]ਅਤੇ ਵਹਿੜਿਆਂ, ਛੱਤ੍ਰਿਆਂ ਅਰ ਲੇਲਿਆਂ ਲਈ ਉਨ੍ਹਾਂ ਦੇ ਮੈਦੇ ਦੀ ਅਰ ਪੀਣ ਦੀਆਂ ਭੇਟਾਂ ਉਨ੍ਹਾਂ ਦੀ ਗਿਣਤੀ ਅਤੇ ਰੀਤੀ ਅਨੁਸਾਰ ਹੋਣ। [28]ਅਤੇ ਅਖੰਡ ਹੋਮ ਬਲੀ ਅਤੇ ਉਸ ਦੇ ਮੈਦੇ ਅਰ ਪੀਣ ਦੀਆਂ ਭੇਟਾਂ ਤੋਂ ਛੁੱਟ ਇੱਕ ਬੱਕਰਾ ਪਾਪ ਦੀ ਬਲੀ ਲਈ ਚੜ੍ਹਾਇਆ ਜਾਵੇ।**

**[29]ਛੇਵੇਂ ਦਿਨ ਅੱਠ ਵਹਿੜੇ, ਦੋ ਛੱਤ੍ਰੇ, ਚੌਦਾਂ ਇੱਕ ਸਾਲੇ ਲੇਲੇ ਬੱਜ ਤੋਂ ਰਹਿਤ ਚੜ੍ਹਾਓ।**

**30ਅਤੇ ਵਹਿੜਿਆਂ, ਛੱਤ੍ਰਿਆਂ ਅਰ ਲੇਲਿਆਂ ਲਈ ਉਨ੍ਹਾਂ ਦੇ ਮੈਦੇ ਦੀ ਅਰ ਪੀਣ ਦੀਆਂ ਭੇਟਾਂ**
**ਉਨ੍ਹਾਂ ਦੀ ਗਿਣਤੀ ਅਤੇ ਰੀਤੀ ਅਨੁਸਾਰ ਹੋਣ। 31ਅਤੇ ਅਖੰਡ ਹੋਮ ਬਲੀ ਅਤੇ ਉਸ ਦੇ ਮੈਦੇ**
**ਅਰ ਪੀਣ ਦੀਆਂ ਭੇਟਾਂ ਤੋਂ ਛੁੱਟ ਇੱਕ ਬੱਕਰਾ ਪਾਪ ਦੀ ਬਲੀ ਲਈ ਚੜ੍ਹਾਇਆ ਜਾਵੇ।**
**32ਸੱਤਵੇਂ ਦਿਨ ਸੱਤ ਵਹਿੜੇ, ਦੋ ਛੱਤ੍ਰੇ, ਚੌਦਾਂ ਇੱਕ ਸਾਲੇ ਲੇਲੇ ਬੱਜ ਤੋਂ ਰਹਿਤ ਚੜ੍ਹਾਓ।**
**33ਅਤੇ ਵਹਿੜਿਆਂ, ਛੱਤ੍ਰਿਆਂ ਅਰ ਲੇਲਿਆਂ ਲਈ ਉਨ੍ਹਾਂ ਦੇ ਮੈਦੇ ਦੀ ਅਰ ਪੀਣ ਦੀਆਂ ਭੇਟਾਂ**
**ਉਨ੍ਹਾਂ ਦੀ ਗਿਣਤੀ ਅਤੇ ਰੀਤੀ ਅਨੁਸਾਰ ਹੋਣ। 34ਅਤੇ ਅਖੰਡ ਹੋਮ ਬਲੀ ਅਤੇ ਉਸ ਦੇ ਮੈਦੇ**
**ਅਰ ਪੀਣ ਦੀਆਂ ਭੇਟਾਂ ਤੋਂ ਛੁੱਟ ਇੱਕ ਬੱਕਰਾ ਪਾਪ ਦੀ ਬਲੀ ਲਈ ਚੜ੍ਹਾਇਆ ਜਾਵੇ।**
**35ਅੱਠਵੇਂ ਦਿਨ ਤੁਹਾਡੀ ਮਹਾਂ ਸਭਾ ਹੋਵੇ ਜਿਹ ਦੇ ਵਿੱਚ ਤੁਸੀਂ ਕੋਈ ਕੰਮ ਧੰਦਾ ਨਾ**
**ਕਰਿਓ। 36ਪਰ ਤੁਸੀਂ ਯਹੋਵਾਹ ਲਈ ਸੁਗੰਧਤਾ ਦੀ ਅੱਗ ਦੀ ਹੋਮ ਬਲੀ ਚੜ੍ਹਾਓ ਅਰਥਾਤ**
**ਇੱਕ ਵਹਿੜਾ, ਇੱਕ ਛੱਤ੍ਰਾ ਅਤੇ ਸੱਤ ਲੇਲੇ ਬੱਜ ਤੋਂ ਰਹਿਤ। 37ਵਹਿੜਿਆਂ, ਛੱਤ੍ਰਿਆਂ ਅਰ**
**ਲੇਲਿਆਂ ਲਈ ਉਨ੍ਹਾਂ ਦੇ ਮੈਦੇ ਦੀ ਅਰ ਪੀਣ ਦੀਆਂ ਭੇਟਾਂ ਉਨ੍ਹਾਂ ਦੀ ਗਿਣਤੀ ਅਤੇ ਰੀਤੀ**
**ਅਨੁਸਾਰ ਹੋਣ। 38ਅਤੇ ਅਖੰਡ ਹੋਮ ਬਲੀ ਅਤੇ ਉਸ ਦੇ ਮੈਦੇ ਅਰ ਪੀਣ ਦੀਆਂ ਭੇਟਾਂ ਤੋਂ ਛੁੱਟ**
**ਇੱਕ ਬੱਕਰਾ ਪਾਪ ਦੀ ਬਲੀ ਲਈ ਚੜ੍ਹਾਇਆ ਜਾਵੇ।'"**

**ਆਇਤ 12.** ਡੇਰਿਆਂ ਦਾ ਪਰਬ ਨਾਂ ਉਨ੍ਹਾਂ "ਡੇਰਿਆਂ," ਜਾਂ "ਤੰਬੂਆਂ" ਤੋਂ ਪਿਆ ਸੀ ਜਿਨ੍ਹਾਂ ਵਿੱਚ ਇਸਰਾਏਲੀਆਂ ਨੂੰ **ਸੱਤਾਂ ਦਿਨਾਂ ਦੇ ਲਈ** ਰਹਿਣਾ ਪੈਂਦਾ ਸੀ ਤਾਂ ਕਿ ਉਹ ਜੰਗਲ ਵਿੱਚ ਆਪਣਾ ਸਮਾਂ ਬਿਤਾ ਸਕਣ। ਇੱਕ ਹਫਤੇ ਦੇ ਲਈ ਅਸਥਾਈ ਪਨਾਹਗਾਹਾਂ ਵਿਚ ਵਾਸ ਕਰਨ ਦੇ ਦੁਆਰਾ, ਉਹ ਯਾਦ ਕਰਨਗੇ ਕਿ ਪਰਮੇਸ਼ੁਰ ਨੇ ਬੀਤੇ ਸਮੇਂ ਵਿਚ ਉਨ੍ਹਾਂ ਦੇ ਲਈ ਪ੍ਰਬੰਧ ਕੀਤਾ ਸੀ। ਇਸ ਤੋਂ ਇਲਾਵਾ, ਉਹ ਇਸ ਗੱਲ ਨੂੰ ਵੀ ਸਮਝ ਲੈਣਗੇ ਕਿ ਉਹ ਵਾਅਦਾ ਕੀਤੇ ਹੋਏ ਦੇਸ ਵਿੱਚ ਉਨ੍ਹਾਂ ਦੀਆਂ ਵਰਤਮਾਨ ਬਰਕਤਾਂ ਦਾ ਦੇਣ ਵਾਲਾ ਵੀ ਸੀ (ਵੇਖੋ ਬਿਵਸਥਾ ਸਾਰ 8:1-20)।

ਇਸ ਅਧਿਆਇ ਵਿਚ ਇਸ **ਪਰਬ** ਦਾ ਨਾਂ ਨਹੀਂ ਦਿੱਤਾ ਗਿਆ ਹੈ, ਪਰ ਕੂਚ 23:16 ਵਿਚ ਇਸ ਨੂੰ ਵਾਢੀ ਦਾ ਅਰਥਾਤ ਪਹਿਲੇ ਫਲ ਜਿਹੜੇ ਪੈਲੀ ਵਿਚ ਬੀਜੇ ਅਤੇ ਇਕੱਠਾ ਕਰਨ ਦਾ ਪਰਬ ਅਤੇ ਲੇਵੀਆਂ 23:34 ਅਤੇ ਬਿਵਸਥਾ ਸਾਰ 16:13; 31:10 ਵਿਚ "ਡੇਰਿਆਂ ਦਾ ਪਰਬ" ("ਤੰਬੂਆਂ") ਕਿਹਾ ਗਿਆ ਸੀ। ਇਸ ਨੂੰ ਵਾਢੀ ਦੇ ਫਲਾਂ ਦੇ ਝੜਣ ਦੇ ਪਰਬ ਦੇ ਰੂਪ ਵਿਚ ਵੀ ਮਨਾਇਆ ਜਾਂਦਾ ਹੈ। ਇਹ ਵਾਢੀ ਦੇ ਦੁਆਰਾ ਪ੍ਰਾਪਤ ਹੋਈਆਂ ਬਰਕਤਾਂ ਤੋਂ ਮਿਲੀ ਰੱਬੀ ਖੁਸ਼ੀ ਨੂੰ ਪ੍ਰਦਰਸ਼ਿਤ ਕਰਨਾ ਸੀ।[1] **ਸੱਤਵੇਂ ਮਹੀਨੇ ਦੇ ਪੰਦਰਵੇਂ ਦਿਨ ਇੱਕ ਪਵਿੱਤ੍ਰ ਸਭਾ ਦੇ** ਨਾਲ ਇਹ ਪਰਬ ਸ਼ੁਰੂ ਹੋਇਆ। ਤਿਉਹਾਰ ਦੇ ਜਾਰੀ ਰਹਿਣ ਦੇ ਸੱਤਾਂ ਦਿਨਾਂ ਦੌਰਾਨ ਲੋਕਾਂ ਨੂੰ **ਕੋਈ ਕੰਮ ਧੰਦਾ** ਕਰਨ ਦੀ ਲੋੜ ਨਹੀਂ ਸੀ ਹੁੰਦੀ। ਇਹ ਅੱਠਵੇਂ ਦਿਨ (ਮਹੀਨੇ ਦਾ 27ਵੇਂ ਦਿਨ) ਸਮਾਪਤ ਹੋਇਆ।

**ਆਇਤਾਂ 13-16.** ਇਨ੍ਹਾਂ ਆਇਤਾਂ ਵਿਚ ਪਰਬ ਦੇ ਹਰੇਕ ਦਿਨ ਵਿਚ ਚੜ੍ਹਾਈਆਂ ਜਾਣ ਵਾਲੀਆਂ ਭੇਟਾਂ ਦੇ ਵਿਸ਼ੇ ਵਿਚ ਨਿਰਦੇਸ਼ ਦਿੱਤੇ ਗਏ ਹਨ। ਪਰਬ ਦੇ ਪਹਿਲੇ ਦਿਨ (ਸੱਤਵੇਂ ਮਹੀਨੇ ਦੇ ਪੰਦਰਵੇਂ ਦਿਨ), ਇਸਰਾਏਲੀਆਂ ਨੇ **ਇੱਕ ਅੱਗ ਦੀ ਹੋਮ ਬਲੀ** ਚੜ੍ਹਾਉਣੀ ਹੁੰਦੀ ਸੀ ਜਿਸ ਵਿਚ **ਤੇਰਾਂ ਵਹਿੜੇ**, **ਦੋ ਛੱਤ੍ਰੇ**, **ਚੌਦਾਂ ਇੱਕ ਸਾਲੇ ਲੇਲੇ** (**ਮੈਦੇ** ਅਤੇ **ਪੀਣ ਦੀਆਂ ਭੇਟਾਂ**) ਹੁੰਦੇ ਸਨ। "ਮੈਦੇ ਦੀ ਭੇਟ" ਸਿਰਫ ਆਇਤ 14 ਵਿਚ ਨਿਰਧਾਰਤ ਕੀਤੀ ਗਈ ਹੈ, ਜਦਕਿ "ਪੀਣ ਦੀ ਭੇਟ" ਦਾ ਜ਼ਿਕਰ 29:18, 21, 24, 27, 30, 33, 37 ਵਿਚ ਕੀਤਾ ਗਿਆ ਹੈ। ਇਸਰਾਏਲੀਆਂ ਨੇ ਹਰ ਰੋਜ਼ ਦੀ ਹੋਮ ਦੀ ਭੇਟ ਤੋਂ ਇਲਾਵਾ, **ਪਾਪ ਦੀ ਬਲੀ ਲਈ ਇੱਕ ਬੱਕਰਾ** ਵੀ ਚੜ੍ਹਾਉਣਾ ਹੁੰਦਾ ਸੀ।

**ਆਇਤਾਂ 17-32.** ਉਸ ਤੋਂ ਬਾਅਦ, ਹਰ ਇਕ ਦਿਨ ਦੀ ਭੇਟ ਨਿਸ਼ਚਤ ਕੀਤੀ ਜਾਂਦੀ ਹੈ। ਚੜ੍ਹਾਏ ਜਾਣ ਵਾਲੇ ਪਸ਼ੂਆਂ ਦੀ ਸੰਖਿਆਂ ਸਮਾਨ ਰਹੀ, ਜਦਕਿ ਚੜ੍ਹਾਏ ਜਾਣ ਵਾਲੇ ਵਹਿੜਿਆਂ ਦੀ ਸੰਖਿਆ ਹਰ ਰੋਜ਼ ਘੱਟਦੀ ਗਈ। **ਦੂਜੇ ਦਿਨ**, ਉਨ੍ਹਾਂ ਨੇ **ਬਾਰਾਂ ਵਹਿੜੇ** (29:17), **ਤੀਜੇ ਦਿਨ**, **ਗਿਆਰਾਂ ਵਹਿੜੇ** (29:20), **ਚੌਥੇ ਦਿਨ ਦਸ ਵਹਿੜੇ** (29:23), **ਪੰਜਵੇਂ ਦਿਨ ਨੌਂ ਵਹਿੜੇ** (29:26), **ਛੇਵੇਂ ਦਿਨ ਅੱਠ ਵਹਿੜੇ** (29:29), ਅਤੇ **ਸੱਤਵੇਂ ਦਿਨ ਸੱਤ ਵਹਿੜੇ** (29:32) ਭੇਟ ਚੜ੍ਹਾਏ।

**ਆਇਤਾਂ 33, 34.** ਇਨ੍ਹਾਂ ਸਾਰੇ ਜਾਨਵਰਾਂ ਨੂੰ **ਰੀਤੀ ਦੇ ਅਨੁਸਾਰ ਉਨ੍ਹਾਂ ਦੀ ਮੈਦੇ ਦੀ ਅਰ ਪੀਣ ਦੀਆਂ ਭੇਟਾਂ** ਦੇ ਨਾਲ ਚੜ੍ਹਾਇਆ ਜਾਣਾ ਸੀ। ਇਸ ਤੋਂ ਇਲਾਵਾ **ਇੱਕ ਬੱਕਰਾ ਪਾਪ ਬਲੀ ਲਈ** ਚੜ੍ਹਾਏ ਜਾਣ ਦੀ ਲੋੜ ਹੁੰਦੀ ਸੀ। ਇਸ ਪਰਬ ਤੇ, **ਅਖੰਡ ਹੋਮ ਬਲੀ** ਅਤੇ ਨਿਯਮਿਤ ਬਲੀਆਂ ਤੋਂ ਇਲਾਵਾ ਇਸ ਬਲੀ ਨੂੰ ਚੜ੍ਹਾਇਆ ਜਾਂਦਾ ਸੀ।

**ਆਇਤਾਂ 35-38.** ਇਹ ਪਰਬ **ਅੱਠਵੇਂ ਦਿਨ** ਇੱਕ **ਮਹਾਂ ਸਭਾ** ਦੇ ਨਾਲ ਸਮਾਪਤ ਹੁੰਦਾ ਸੀ ਅਤੇ ਲੋਕਾਂ ਦੁਆਰਾ ਕੋਈ **ਕੰਮ ਧੰਦਾ** ਨਹੀਂ ਕੀਤਾ ਜਾਂਦਾ ਸੀ। ਪਰ, **ਅੱਗ ਦੀ ਹੋਮ ਬਲੀ** ਫਿਰ ਤੋਂ ਚੜ੍ਹਾਈ ਜਾਣੀ ਸੀ: **ਇੱਕ ਵਹਿੜਾ**, **ਇੱਕ ਛੱਤ੍ਰਾ**, ਅਤੇ **ਸੱਤ ਲੇਲੇ**, **ਉਨ੍ਹਾਂ ਦੇ ਮੈਦੇ ਅਰ ਪੀਣ ਦੀਆਂ ਭੇਟਾਂ**, ਇਸ ਤੋਂ ਇਲਾਵਾ **ਪਾਪ ਦੀ ਬਲੀ ਲਈ ਇੱਕ ਬੱਕਰਾ** ਚੜ੍ਹਾਇਆ ਜਾਂਦਾ ਸੀ। ਇਹ ਭੇਟਾਂ ਨਿਯਮਤ ਰੋਜ਼ਾਨਾ ਭੇਟਾਂ ਤੋਂ ਇਲਾਵਾ ਚੜ੍ਹਾਈਆਂ ਜਾਂਦੀਆਂ ਸਨ।

## ਸਿੱਟਾ (29:39, 40)

**39ਏਹ ਤੁਸੀਂ ਯਹੋਵਾਹ ਲਈ ਆਪਣੇ ਠਹਿਰਾਏ ਹੋਏ ਪਰਬਾਂ ਵਿੱਚ ਆਪਣੀਆਂ ਸੁੱਖਣਾਂ ਅਰ ਖੁਸ਼ੀ ਦੀਆਂ ਭੇਟਾਂ ਤੋਂ ਛੁੱਟ ਚੜ੍ਹਾਓ। ਏਹ ਤੁਹਾਡੇ ਹੋਮ ਦੀਆਂ ਬਲੀਆਂ ਅਤੇ ਤੁਹਾਡੇ ਮੈਦੇ ਦੀਆਂ ਭੇਟਾਂ ਅਰ ਤੁਹਾਡੇ ਪੀਣ ਦੀਆਂ ਭੇਟਾਂ ਅਰ ਤੁਹਾਡੇ ਸੁਖ ਸਾਂਦ ਦੀਆਂ ਭੇਟਾਂ ਲਈ ਹੋਣ। 40ਜੋ ਕੁਝ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਉਹੋ ਉਸ ਨੇ ਇਸਰਾਏਲੀਆਂ ਨੂੰ ਆਖਿਆ।**

**ਆਇਤ 39.** ਇਕ ਅੰਤਿਮ ਕਥਨ ਵਿਚ ਕਿਹਾ ਗਿਆ ਹੈ ਕਿ **ਠਹਿਰਾਏ ਹੋਏ ਪਰਬਾਂ** ਵਿਚ ਲੋੜੀਂਦੀਆਂ ਭੇਟਾਂ ਉਨ੍ਹਾਂ ਭੇਟਾਂ ਤੋਂ ਇਲਾਵਾ ਸਨ ਜੋ ਇਸਰਾਈਲੀ ਨਿਜੀ ਤੌਰ ਤੇ ਚੜ੍ਹਾਉਂਦੇ ਸਨ। ਉਸ ਨੇ ਆਪਣੀਆਂ **ਸੁੱਖਣਾ** ਅਤੇ **ਖੁਸ਼ੀ ਦੀਆਂ ਭੇਟਾਂ** ਦੇ ਨਾਲ-ਨਾਲ ਆਪਣੀਆਂ **ਹੋਮ ਦੀਆਂ ਬਲੀਆਂ**, **ਮੈਦੇ ਦੀਆਂ ਭੇਟਾਂ**, **ਪੀਣ ਦੀਆਂ ਭੇਟਾਂ**, ਅਤੇ **ਸੁਖ ਸਾਂਦ ਦੀਆਂ ਭੇਟਾਂ** ਨਿਰੰਤਰ ਚੜ੍ਹਾਉਣੀਆਂ ਹੁੰਦੀਆਂ ਸਨ।

**ਆਇਤ 40. ਯਹੋਵਾਹ ਨੇ ਮੂਸਾ ਨੂੰ** ਭੇਟਾਂ ਦੇ ਸੰਬੰਧ ਵਿੱਚ **ਜੋ ਕੁਝ ਹੁਕਮ ਦਿੱਤਾ ਸੀ** ਉਹ ਉਸ ਨੇ ਇਸਰਾਏਲੀਆਂ ਨੂੰ ਆਖਿਆ। "ਹੁਕਮ ਦੇ ਅਨੁਸਾਰ ਇਨ੍ਹਾਂ ਪਰਬਾਂ ਵਿੱਚ ਚੜ੍ਹਾਈਆਂ ਜਾਣ ਵਾਲੀਆਂ ਭੇਟਾਂ ਵਿਚ, ਕੁਲ ਮਿਲਾ ਕੇ 1071[1] ਲੇਲੇ, 113 ਵਹਿੜੇ, 37 ਛੱਤ੍ਰੇ, 30 ਬੱਕਰੇ, 112 ਬੁਸ਼ਲ ਮੈਦਾ, ਲਗਭਗ 370 ਗੈਲਨ ਤੇਲ ਅਤੇ ਲਗਭਗ 340 ਗੈਲਨ ਮਧ ਹੁੰਦੀ ਸੀ।"[2] ਸੁੱਖਣਾ ਅਤੇ ਸੁਖ-ਸਾਂਦ ਦੀਆਂ ਭੇਟਾਂ ਜੋ ਪਰਿਵਾਰਾਂ ਦੇ ਦੁਆਰਾ ਪ੍ਰਭੂ ਨੂੰ ਚੜ੍ਹਾਈਆਂ ਜਾਂਦੀਆਂ ਸਨ ਉਹ ਇਨ੍ਹਾਂ ਤੋਂ ਇਲਾਵਾ ਸਨ। ਕਈਆਂ ਭੇਟਾਂ ਵਿੱਚ ਉਸ ਉਧਾਰ ਖੁਸ਼ਹਾਲੀ ਦਾ ਵਾਅਦਾ ਕੀਤਾ ਗਿਆ ਸੀ ਜਿਸ ਦਾ ਅਨੰਦ ਇਸਰਾਏਲੀਆਂ ਨੇ ਵਾਅਦਾ ਕੀਤੇ ਹੋਏ ਦੇਸ ਵਿੱਚ ਮਾਨਣਾ ਸੀ। ਇਸ ਨਵੀਂ ਪੀੜ੍ਹੀ ਨੂੰ ਪਰਮੇਸ਼ੁਰ ਦੇ ਮੁਹੱਈਆ ਕਰਨ ਦੇ ਵਾਅਦੇ ਦੇ ਦੁਆਰਾ ਉਤਸ਼ਾਹ ਮਿਲਣਾ ਸੀ।[3]

# ਪ੍ਰਾਸੰਗਿਕਤਾ

**ਭੇਟਾਂ ਦਾ ਮਹੱਤਵ (ਅਧਿਆਇ 28; 29)**

ਅਧਿਆਇ 28 ਅਤੇ 29 ਵਿਚ ਕੌਮ ਦੇ ਦੁਆਰਾ ਭੇਟਾਂ ਚੜ੍ਹਾਉਣ ਤੇ ਦਿੱਤਾ ਗਿਆ ਜ਼ੋਰ ਉਸ ਧਰਤੀ ਵਿੱਚ ਇਸਰਾਏਲ ਦੇ ਜੀਵਨ ਦੇ ਵਿਸ਼ੇ ਦੀਆਂ ਤਿੰਨਾਂ ਸੱਚਾਈਆਂ ਦੇ ਬਾਰੇ ਦੱਸਦਾ ਹੈ ਜਿਸ ਵਿਚ ਉਨ੍ਹਾਂ ਨੇ ਜਲਦੀ ਹੀ ਪ੍ਰਵੇਸ਼ ਕਰਨਾ ਸੀ।

ਸਭ ਤੋਂ ਪਹਿਲਾਂ, ਪਰਮੇਸ਼ੁਰ ਆਪਣੇ ਲੋਕਾਂ ਨੂੰ ਉਹ ਧਰਤੀ ਦੇਵੇਗਾ ਜਿਸ ਦਾ ਉਸ ਨੇ ਉਨ੍ਹਾਂ ਦੇ ਨਾਲ ਵਾਅਦਾ ਕੀਤਾ ਸੀ ਅਤੇ ਉਹ ਉੱਥੇ ਖੁਸ਼ਹਾਲ ਹੋਣਗੇ। ਉਸ ਦੇਸ ਵਿੱਚ ਚੜ੍ਹਾਈਆਂ ਜਾਣ ਵਾਲੀਆਂ ਭੇਟਾਂ ਇਸ ਗੱਲ ਦੀ ਗਵਾਹੀ ਦਿੰਦੀਆਂ ਸਨ ਕਿ ਪਰਮੇਸ਼ੁਰ ਜਾਣਦਾ ਸੀ ਕਿ ਭਵਿੱਖ ਵਿੱਚ ਇਸਰਾਏਲ ਪਸ਼ੂ ਧਨ ਅਤੇ ਅਨਾਜ ਦੀ ਭਰਮਾਰ ਨੂੰ ਪੈਦਾ ਕਰੇਗਾ।

ਦੂਸਰਾ, ਪਰਮੇਸ਼ੁਰ ਦਾ ਇਰਾਦਾ ਸੀ ਕਿ ਉਸ ਨੂੰ ਚੜ੍ਹਾਈਆਂ ਜਾਣ ਵਾਲੀਆਂ ਭੇਟਾਂ ਅਤੇ ਬੰਦਗੀ ਉਸ ਦੇ ਲੋਕਾਂ ਦੇ ਜੀਵਨ ਦਾ ਕੇਂਦਰ ਬਿੰਦੂ ਹੋਵੇ। ਹਰ ਦਿਨ, ਹਰ ਹਫਤੇ, ਹਰ ਮਹੀਨੇ, ਅਤੇ ਹਰ ਸਾਲ ਵਿਚ ਕਈ ਵਾਰ, ਪਰਮੇਸ਼ੁਰ ਦੇ ਲੋਕਾਂ ਨੂੰ ਇਹ ਯਾਦ ਕਰਾਇਆ ਜਾਵੇਗਾ ਕਿ ਉਸ ਨੇ ਉਨ੍ਹਾਂ ਦੇ ਲਈ ਕੀ ਕੀਤਾ ਸੀ ਅਤੇ ਉਨ੍ਹਾਂ ਨੂੰ ਉਸ ਦੇ ਪ੍ਰਤੀ ਕਿਵੇਂ ਸਮਰਪਿਤ ਹੋਣਾ ਚਾਹੀਦਾ ਹੈ। ਜੇਕਬ ਮਿਲਗ੍ਰੋਮ ਨੇ ਅੰਦਾਜ਼ਾ ਲਗਾਇਆ ਕਿ ਹਫਤੇਵਾਰ ਸਬਤ ਨੂੰ ਮੰਨਣ ਤੋਂ ਇਲਾਵਾ, ਇਸਰਾਏਲ ਦੇ ਧਾਰਮਿਕ ਕੈਲੰਡਰ ਵਿਚ ਪਰਮੇਸ਼ੁਰ ਦੇ ਲੋਕਾਂ ਨੂੰ ਉਸ ਦੀ ਸੇਵਾ ਵਿੱਚ ਤੀਹ ਦਿਨ ਸਮਰਪਿਤ ਕਰਨ ਦੀ ਲੋੜ ਸੀ।[4] ਜੇਕਰ ਇਹ ਅੰਦਾਜ਼ਾ ਸਹੀ ਹੈ, ਤਾਂ ਤੀਹ ਦਿਨ ਅਤੇ ਬਵੰਜਾ ਸਬਤ ਸਾਲ ਦੇ ਬਿਆਸੀ ਦਿਨ ਪਰਮੇਸ਼ੁਰ ਦੀ ਸੇਵਾ ਵਿਚ ਦਿੱਤੇ ਗਏ ਸਨ। ਇਸਰਾਏਲ ਦੇ ਲਈ ਹਰ ਚਾਰ ਦਿਨਾਂ ਦੇ ਵਿੱਚ ਲਗਭਗ ਇਕ ਦਿਨ ਬੰਦਗੀ ਦਾ ਦਿਨ, ਜਾਂ ਪਰਮੇਸ਼ੁਰ ਦੇ ਲਈ ਵੱਖਰਾ ਕੀਤਾ ਹੋਇਆ ਇਕ ਦਿਨ ਹੁੰਦਾ ਸੀ।

ਤੀਜਾ, ਪਰਮੇਸ਼ੁਰ ਦੇ ਪਰਗਟ ਧਰਮ ਦੀ ਮੰਗ ਹੈ ਕਿ ਉਸ ਦੇ ਲੋਕ ਸਮੂਹਿਕ ਤੌਰ ਤੇ ਉਸ ਦੀ ਭਗਤੀ ਕਰਨ। ਵਿਅਕਤੀਗਤ ਬਲੀਦਾਨ ਪਾਪਾਂ ਦੀ ਮਾਫ਼ੀ ਦੇ ਲਈ ਜ਼ਰੂਰੀ ਸਨ ਅਤੇ ਧੰਨਵਾਦ ਦੀ ਭਾਵਨਾ ਦੇ ਰੂਪ ਵਿਚ ਇਨ੍ਹਾਂ ਦਾ ਸਵਾਗਤ ਕੀਤਾ ਗਿਆ ਸੀ, ਪਰ ਇਹ ਉਹ ਨਹੀਂ ਸਨ ਜੋ ਸ਼ਰਾ ਮੰਗ ਕਰਦੀ ਸੀ। ਪਰਮੇਸ਼ੁਰ ਦੇ ਲੋਕ, ਪੂਰਣ ਰੂਪ ਵਿੱਚ ਨਿਯਮਿਤ, ਅਕਸਰ ਅਤੇ ਉਦਾਰਤਾ ਪੂਰਣ ਬਲੀਦਾਨ ਚੜ੍ਹਾਉਣ ਵਾਲੇ ਸਨ। ਭਾਵੇਂ ਇਸਰਾਏਲੀਆਂ ਦੁਆਰਾ ਪਰਮੇਸ਼ੁਰ ਦੀ ਭਗਤੀ ਵਿੱਚ ਵਿਅਕਤੀਗਤ ਤੌਰ ਤੇ ਪਾਲਣ ਕੀਤੇ ਜਾਣ ਦੀ ਲੋੜ ਸੀ, ਪਰ ਇਹ ਵਿਅਕਤੀਗਤ ਨਹੀਂ ਸੀ; ਇਹ ਸਮਾਜਿਕ ਧਰਮ ਸੀ।

---

**ਟਿੱਪਣੀਆਂ**

[1]ਬਰਾਂਟ ਲੀ ਡੋਟੀ, *ਗਿਣਤੀ ਦੀ ਪੁਸਤਕ*, ਦੀ ਪੁਸਤਕ ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਸੂਰੀ: ਕਾਲਜ ਪ੍ਰੈਸ, 1973), 319. [2]ਉਸੇ ਸਥਾਨ ਤੇ। [3]ਡੈਨਿਸ ਟੀ. ਓਲਸਨ ਦੀ ਪੁਸਤਕ ਇੰਟਰਪ੍ਰੀਟੇਸ਼ਨ (ਲਾਊਸਵਿਲੇ: ਜੌਨ ਨੋਕਸ ਪ੍ਰੈਸ, 1996) ਵਿਚ ਸਫ਼ਾ 173 ਤੇ *ਗਿਣਤੀ* ਹੈ। [4]ਜੇਕਬ ਮਿਲਗਰੋਮ, ਦੀ ਪੁਸਤਕ ਜੇਪੀਐਸ ਟੋਰਾਹ ਕਮੈਂਟਰੀ (ਫਿਲਾਡੈਲਫੀਆ: ਜੂਇਸ਼ ਪਬਲੀਕੇਸ਼ਨ ਸੋਸਾਇਟੀ, 1990) ਵਿਚ ਸਫ਼ਾ 237 ਤੇ *ਗਿਣਤੀ* ਹੈ।